ਧਰਮ ਸਾਰੀ ਦੁਨੀਆਂ ਦੀ ਰੱਖਿਆ ਕਰਨ ਦੇ ਲਈ ਤਿਆਰ ਰਹਿੰਦਾ ਹੈ। - 5

ਜਿਸ ਧਰਮ ਦੇ ਪ੍ਰਭਾਵ ਨਾਲ ਚੱਲ ਅਤੇ ਅਚੱਲ ਵਸਤੂਆਂ ਵਾਲੇ ਤਿੰਨ ਲੋਕਾਂ ਨੂੰ ਜਿੱਤਿਆ ਜਾਂਦਾ ਹੈ, ਜੋ ਧਰਮ ਪ੍ਰਾਣੀਆਂ ਨੂੰ ਇਸ ਜਨਮ ਅਤੇ ਅਗਲੇ ਜਨਮ ਵਿੱਚ ਹਿੱਤਕਾਰੀ ਹੋ ਕੇ ਸਾਰੇ ਕੰਮਾਂ ਦੀ ਸਿੱਧੀ ਪ੍ਰਦਾਨ ਕਰਦਾ ਹੈ ਅਤੇ ਜੋ ਧਰਮ ਆਪਣੇ ਪ੍ਰਭਾਵ ਤੋਂ ਅਨੇਕਾਂ ਅਨਰਥਾਂ ਦੀ ਪੀੜ ਨੂੰ ਭਜਾ ਦਿੰਦਾ ਹੈ, ਉਸ ਮਹਾਕਰੁਣਾ ਵਾਲੇ ਧਰਮ ਨੂੰ ਮੇਰਾ ਭਾਵ ਭਰਿਆ ਨਮਸਕਾਰ ਹੋਵੇ। - 6

ਧਰਮ ਤਾਂ ਕਲਪ ਬ੍ਰਿਖ ਹੈ। ਇਹ ਸਭ ਕੁਝ ਦਿੰਦਾ ਹੈ। ਮਹਾਨ ਸਾਮਰਾਜ, ਭਾਗਵਾਨ ਪਤਨੀ, ਪੁੱਤ-ਪੋਤਿਆਂ ਨਾਲ ਭਰਿਆ ਪਰਿਵਾਰ, ਮਸ਼ਹੂਰੀ, ਸੁੰਦਰਤਾ, ਕਵੀਆਂ ਲਈ ਕਵਿਤਾ ਵਿੱਚ ਚਤੁਰਾਈ, ਬੋਲਣ ਦੀ ਕਲਾ, ਨਿਰੋਗਤਾ, ਗੁਣ-ਗ੍ਰਹਿਣ ਕਰਨ ਦੀ ਸ਼ਕਤੀ, ਸੱਜਣਤਾ, ਸਹਿਤਮੰਦ ਬੁੱਧ ਅਜਿਹੇ ਤਾਂ ਕਿੰਨੇ ਹੀ ਫ਼ਲ ਹਨ, ਅਸੀਂ ਕੀ ਦੱਸੀਏ ? - 7

## ਦਸ਼ਮ ਭਾਵਨਾ (ਗੀਤ)

ਹੇ ਜਿਨੇਸ਼ਵਰ, ਦੇਵਾਂ ਰਾਹੀਂ ਆਖੇ ਧਰਮ, ਤੂੰ ਮੇਰਾ ਪਾਲਣ ਕਰ। ਤੂੰ ਮੇਰੀ ਰੱਖਿਆ ਕਰ। ਮੇਰਾ ਬੇੜਾ ਪਾਰ ਕਰ। ਮੰਗਲਿਕ ਖੇਡਾਂ ਦੇ ਸਥਾਨ ਰੂਪ, ਰਹਿਮ ਨਾਲ ਭਰਿਆ ਧੀਰਜਮਾਨ ਮੁਕਤੀ ਸੁੱਖ ਦੇ ਸਾਧਨ ਰੂਪ, ਸੰਸਾਰ ਦੇ ਡਰ ਨੂੰ ਦੂਰ ਕਰਨ ਵਾਲਾ, ਜਗਤ ਦਾ ਅਧਾਰਭੂਤ, ਧੀਰ ਅਤੇ ਗੰਭੀਰ ਅਜਿਹੇ ਹੇ ਧਰਮ ਤੂੰ ਮੇਰਾ ਪਾਲਣ ਕਰ। - 1

ਤੇਰੇ ਪ੍ਰਭਾਵ ਕਾਰਨ ਪਾਣੀ ਨਾਲ ਭਰੀਆਂ ਛੋਟੀਆਂ ਬੱਦਲੀਆਂ ਜ਼ਮੀਨ ਨੂੰ ਸਿੰਜਦੀਆਂ ਹਨ, ਸ਼ਕਤੀ ਦਿੰਦੀਆਂ ਹਨ, ਸੂਰਜ ਤੇ ਚੰਦਰਮਾ ਪੈਦਾ ਹੁੰਦੇ ਹਨ, ਪ੍ਰਕਾਸ਼ ਦਿੰਦੇ ਹਨ। - 2

ਕਿਸੇ ਵੀ ਤਰ੍ਹਾਂ ਦੇ ਅਧਾਰ ਤੇ ਬਿਨਾਂ ਇਹ ਧਰਤੀ ਤੇਰੇ ਪ੍ਰਭਾਵ ਨਾਲ ਸਥਿਰ ਰਹਿੰਦੀ ਹੈ। ਸੰਸਾਰ ਦੀ ਸਥਿਤੀ ਦੇ ਮੂਲ ਸੁਤੰਤਰ ਰੂਪ ਧਰਮ ਨੂੰ ਮੈਂ ਵਿਨੈ ਸਹਿਤ ਨਮਸਕਾਰ ਕਰਦਾ ਹਾਂ। - 3

ਜੋ ਪ੍ਰਾਣੀ ਧਰਮ ਦੀ ਸ਼ਰਣ ਗ੍ਰਹਿਣ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਉਹ ਦਾਨ ਸ਼ੀਲ ਸ਼ੁਭ ਭਾਵ ਅਤੇ ਤਪ ਦੇ ਰਾਹੀਂ ਖੁਸ਼ ਕਰਦਾ ਹੈ। ਇਸ ਤੋਂ ਬਾਅਦ ਸਭ ਪ੍ਰਕਾਰ ਦੇ ਡਰ ਤੇ ਰੋਗ ਦੂਰ ਕਰਨ ਵਾਲਾ ਧਰਮ ਹੀ ਹੈ। - 4

ਧਰਮ ਦਾ ਪਰਿਵਾਰ ਖਿਮਾ, ਸ਼ੌਚ, ਸੰਤੋਖ ਨਾਲ ਭਰਪੂਰ ਹੈ। ਧਰਮ ਸ਼ਾਸਨ ਦੇਵ - ਦਾਨਵ ਅਤੇ ਮਨੁੱਖਾਂ ਰਾਹੀਂ ਪੂਜਿਆ ਗਿਆ ਹੈ। ਇਹ ਧਰਮ ਅਨੇਕਾਂ ਜਨਮਾਂ ਦੀ ਪਰੰਪਰਾ ਤੋੜਨ ਵਾਲਾ ਹੈ। - 5

ਜਿਸ ਦਾ ਕੋਈ ਨਹੀਂ, ਉਸ ਦਾ ਸਹਾਇਕ ਇਹ ਧਰਮ ਹੈ। ਦਾਤ-ਹਿਨ ਸਾਰਿਆਂ ਨੂੰ ਆਸਰਾ ਦੇਣ ਵਾਲਾ ਇਹ ਧਰਮ ਹੈ ਅਤੇ ਧਰਮ ਤੋਂ ਸਮਾਨ ਸਹਾਇਕ ਨੂੰ ਛੱਡ ਕੇ ਜੀਵ ਦੁੱਖਦਾਈ ਜਨਮ ਰੂਪੀ ਜੰਗਲ ਵਿੱਚ ਭਟਕ ਜਾਂਦਾ ਹੈ। - 6

ਧਰਮ - ਤੇਰੀ ਕ੍ਰਿਪਾ ਨਾਲ ਭਿਆਨਕ ਜੰਗਲ, ਨਗਰ ਵਿੱਚ ਬਦਲ ਜਾਂਦੇ ਹਨ। ਅੱਗ ਪਾਣੀ ਬਣ ਜਾਂਦੀ ਹੈ। ਵਿਸ਼ਾਲ ਸਮੁੰਦਰ ਸਮਤਲ ਧਰਤੀ ਹੋ ਜਾਂਦਾ ਹੈ। ਤੇਰੀ ਕ੍ਰਿਪਾ ਨਾਲ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹੁਣ ਤੇਰੇ ਤੋਂ ਸਿਵਾਏ ਸਾਨੂੰ ਕਿਸੇ ਨਾਲ ਕੀ ਮਤਲਬ ? - 7

ਇਸ ਜਨਮ ਵਿੱਚ 10 ਪ੍ਰਕਾਰ ਦਾ ਧਰਮ ਹਮੇਸ਼ਾ ਸੁੱਖ ਦਿੰਦਾ ਹੈ। ਅਗਲੇ ਜਨਮ ਵਿੱਚ ਇੰਦਰ ਵਰਗਿਆਂ ਦੀ ਪਦਵੀ ਮਿਲਦੀ ਹੈ ਅਤੇ ਪਰੰਪਰਾ

ਨਾਲ ਮੁਕਤੀ ਸੁੱਖ ਦੇ ਸਾਧਨ ਰੂਪ ਵਿੱਚ ਗਿਆਨ ਵਗੈਰਾ ਦੇ ਗੁਣਾਂ ਦਾ ਭੰਡਾਰ ਮਿਲਦਾ ਹੈ। - 8

ਸਾਰੇ ਤੰਤਰਾਂ ਦਾ ਮੱਖਣ, ਸਾਰ ਭੂਤ, ਮੁਕਤੀ ਮੰਜ਼ਿਲ ਦੀ ਪੌੜੀ ਅਤੇ ਵਿਨੀਤ ਮਣੁੱਖਾਂ ਨੂੰ ਸਹਿਜ ਰੂਪ ਵਿੱਚ ਪ੍ਰਾਪਤ ਸ਼ਾਂਤ ਅੰਮ੍ਰਿਤ ਰਸ ਦੇ ਸੇਵਨ ਲਈ ਹੇ ਧਰਮ, ਤੇਰੀ ਜੈ ਹੋਵੇ, ਤੇਰੀ ਵਿਜੈ ਹੋਵੇ। - 9

# 11.

## ਗਿਆਰਵੀਂ ਭਾਵਨਾ - ਲੋਕ ਸਰੂਪ ਭਾਵਨਾ

ਇੱਕ ਦੂਸਰੇ ਦੇ ਹੇਠਾਂ ਰਹੀ ਹੋਈ ਅਤਿਅੰਤ ਵਿਸ਼ਾਲ, ਛੱਤਰ ਦੇ ਅਕਾਰ ਵਾਲੀ ਜੋ ਰਤਨਪ੍ਰਭਾ (ਨਰਕ ਦੀਆਂ) ਅਵਹੀਰਾ ਭੂਮੀਆਂ ਹਨ, ਉਨ੍ਹਾਂ ਵਿੱਚ ਅਧੋ-ਲੋਕ ਫੈਲਿਆ ਹੋਇਆ ਹੈ। ਉਸ ਲੋਕ ਪੁਰਸ਼ ਦੇ ਦੋ ਚੌੜੇ ਪੈਰਾਂ ਦੇ ਵਿੱਚ 7 ਰਾਜੂਲੋਕ ਜਗ੍ਹਾ ਵਿੱਚ ਉਹ ਨਰਕ ਭੂਮੀਆਂ ਸਥਿਤ ਹਨ। - 1

ਤਿਰਛੇ ਲੋਕ (ਮੱਧ ਲੋਕ) ਦਾ ਵਿਸਥਾਰ ਇੱਕ ਰਾਜੂ ਦੇ ਨਾਪ ਵਾਲਾ ਹੈ। ਇਸ ਵਿੱਚ ਅਤਿਅੰਤ ਦੀਪ ਤੇ ਸਮੁੰਦਰ ਸ਼ਾਮਲ ਹਨ। ਜੋਤਿਸ਼ ਚੱਕਰ ਦਾ ਸਥਾਨ ਸੁੰਦਰ ਕਟੀ-ਸੂਤਰ ਕਮੋਰੇ ਦੇ ਰੂਪ ਵਿੱਚ ਹੈ। ਲੋਕ ਪੁਰਸ਼ ਦਾ ਲੱਕ ਵਾਲਾ ਬਹੁਤ ਪਤਲਾ ਅਤੇ ਸੁੰਦਰ ਹੈ। - 2

ਉਸ ਦੇ ਉਪਰਲੇ ਹਿੱਸੇ ਵਿੱਚ ਉਰਧਵ ਲੋਕ (ਦੇਵ ਲੋਕ) ਦੇ ਕੋਲ ਦੋ ਕੋਹਣੀਆਂ ਦਾ ਵਿਸਥਾਰ ਪੰਜ ਰਾਜੂ ਲੋਕ ਹੈ। ਉਸ ਦੇ ਉਪਰ ਇੱਕ ਰਾਜੂ ਲੋਕ ਤੋਂ ਬਾਅਦ ਲੋਕਾਂਤ ਆਉਂਦਾ ਹੈ। ਜਿਸ ਦੇ ਸਿਰੇ 'ਤੇ ਸਿੱਧ ਪ੍ਰਮਾਤਮਾ ਦੀ ਜੋਤੀ ਬਿਰਾਜਮਾਨ ਹੈ। - 3

ਜਿਸ ਨੇ ਆਪਣੇ ਦੋਵੇਂ ਪੈਰ, ਚੌੜੇ ਕਰਕੇ ਜ਼ਮੀਨ 'ਤੇ ਮਜ਼ਬੂਤੀ ਨਾਲ ਰੱਖੇ ਹੋਏ ਹਨ, ਜੋ ਆਪਣੀ ਕਮਰ ਉੱਤੇ ਦੋਵੇਂ ਹੱਥ ਲਗਾਈ ਬੈਠਾ ਹੈ, ਅਤੇ ਅਨਾਦਿ ਕਾਲ ਤੋਂ ਇੱਕਦਮ ਸਿੱਧਾ ਖੜ੍ਹਾ ਰਹਿਣ 'ਤੇ ਵੀ ਜਿਸ ਦੇ ਚਿਹਰੇ 'ਤੇ ਥਕਾਨ ਦੇ ਚਿੰਨ੍ਹ ਦਿਸਦੇ ਹੋਏ ਵੀ ਉਹ ਆਪਣੇ ਆਪ ਨੂੰ ਕਾਬੂ ਰੱਖਣ ਦੇ ਨਾਲ ਘਬਰਾਉਂਦਾ ਨਹੀਂ। - 4

ਇਸ ਲੋਕ ਪੁਰਸ਼ ਨੂੰ ਸਮਝੋ। ਇਹ 6 ਦ੍ਰਵ ਰੂਪ ਹੈ। ਕਿਸੇ ਨੇ ਬਣਾਇਆ ਨਹੀਂ। ਆਦਿ-ਅੰਤ ਤੋਂ ਰਹਿਤ ਹੈ। ਉਹ ਚਹੁੰ ਪਾਸੇ ਤੋਂ, ਧਰਮ (ਚੱਲਣ ਵਿੱਚ ਸਹਾਇਕ), ਅਧਰਮ (ਰੁਕਣ ਵਿੱਚ ਸਹਾਇਕ), ਅਕਾਸ਼ (ਸਾਰੇ

ਦਰੱਵਾਂ ਨੂੰ ਥਾਂ ਦੇਣ ਵਾਲਾ), ਕਾਲ, ਆਤਮਾ (ਜੀਵ), ਪੁਦੱਗਲ ਵਗੈਰਾ ਦ੍ਰਵਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਹੈ। – 5

ਆਪਣੇ ਭਿੰਨ-ਭਿੰਨ ਰੂਪ ਲੈ ਕੇ ਕਾਲ, ਪੁਰਸਾਰਥ, ਸੁਭਾਅ, ਨੀਅਤੀ ਅਤੇ ਕਰਮ ਰੂਪੀ ਬਾਜਿਆਂ ਦੀ ਅਵਾਜ਼ 'ਤੇ ਨੱਚਦਾ ਹੋਇਆ ਪੁਦੱਗਲ ਅਤੇ ਨਾਟਕ ਕਰਦੇ ਹੋਏ ਜੀਵ ਆਤਮਾ ਦੇ ਲਈ ਇਹ ਸੰਸਾਰ ਨਾਟਕਸ਼ਾਲਾ ਹੈ। – 6

ਇਸ ਪ੍ਰਕਾਰ ਲੋਕ ਪੁਰਸ਼ ਦਾ ਚਿੰਤਨ ਜੋ ਭਿੰਨ-ਭਿੰਨ ਦ੍ਰਿਸ਼ਟੀਕੋਣ ਤੋਂ ਕੀਤਾ ਜਾਵੇ ਤਾਂ ਮਨ ਨੂੰ ਸਥਿਰ ਕਰਨ ਵਿੱਚ ਸਹਾਇਕ ਹੁੰਦਾ ਹੈ ਅਤੇ ਮਨ ਨੂੰ ਜੇ ਸਥਿਰਤਾ ਮਿਲ ਜਾਵੇ ਤਾਂ ਅਧਿਆਤਮ ਸੁੱਖ ਸਰਲਤਾ ਨਾਲ ਪ੍ਰਾਪਤ ਹੋ ਸਕੇਗਾ।

## ਗਿਆਰਵੀਂ ਭਾਵਨਾ – (ਗੀਤ)

ਹੇ ਵਿਨੈ ! ਤੂੰ ਦਿਲ ਵਿੱਚ ਸ਼ਾਸਵਤ ਲੋਕ ਅਕਾਸ਼ ਦਾ ਚਿੰਤਨ ਕਰ। ਉਹ ਲੋਕਾਂ ਅਕਾਸ਼ ਸਾਰੇ ਚੱਲ-ਅਚੱਲ ਨੂੰ ਧਾਰਨ ਕਰਨ ਵਾਲਾ ਹੋਣ ਕਰਕੇ ਦ੍ਰਵ ਨੂੰ ਆਸਰਾ ਦਿੰਦਾ ਹੈ। – 1

ਅਲੋਕ ਨਾਲ ਘਿਰਿਆ ਇਹ ਲੋਕ ਪ੍ਰਕਾਸ਼ਮਾਨ ਹੈ ਅਤੇ ਇਸ ਦੇ ਵਿਸਥਾਰ ਦੀ ਸੀਮਾ ਨੂੰ ਨਾਪਣਾ ਅਸੰਭਵ ਹੈ। ਫਿਰ ਵੀ ਧਰਮਾਸਤਿਕ ਕਾਇਆ ਵਗੈਰਾ ਪੰਜ ਦਰੱਵਾਂ ਦੇ ਸਹਾਰੇ ਉਸ ਦੀ ਸੀਮਾ ਨਿਸ਼ਚਿਤ ਤਾਂ ਹੈ ਹੀ। – 2

ਜਦ ਜਿਨੇਸ਼ਵਰ ਪ੍ਰਮਾਤਮਾ, ਆਤਮਾ ਦਾ ਸਮੁੱਧਘਾਤ (ਅਰਿਹੰਤ ਦੇ ਅੰਤ ਸਮੇਂ ਹੋਣ ਵਾਲੀ) ਨਾਮ ਦੀ ਕਿਰਿਆ ਕਰਦੇ ਹਨ, ਤਦ ਉਸ ਨੂੰ ਪੂਰੇ ਸਰੀਰ ਵਿੱਚ ਭਰ ਦਿੰਦੇ ਹਨ। ਪ੍ਰਾਣੀ ਅਤੇ ਪ੍ਰਮਾਣੂਆਂ ਦੀਆਂ ਅਨੇਕਾਂ ਪ੍ਰਕਾਰ